NSW Government | Education Public Schools

# Nitbusters ਦਿਵਸ ਪੈਰਵੀ-ਪੱਤਰ
# Nitbusters Day follow up letter

ਬੱਚੇ ਦਾ ਨਾਮ ______________________ ਜਮਾਤ/ਗਰੁਪ ______________________

Child's name Class/Group

ਪਿਆਰੇ ਮਾਪੇ/ਸਰਪ੍ਰਸਤ

ਤੁਹਾਡੇ ਬੱਚੇ ਦੇ ਸਿਰ 'ਚ ਜੂਆਂ ਲਈ ਜਾਂਚ ਕੀਤੀ ਗਈ ਸੀ। ਉਸ ਜਾਂਚਾ ਦਾ ਨਤੀਜਾ ਹੇਠਾਂ ਦਰਸਾਇਆ ਗਿਆ ਹੈ।

☐ ਸਿਰ ਵਿੱਚ ਕੋਈ ਜੂੰਆਂ ਨਹੀਂ ਪਾਈਆਂ ਗਈਆਂ ਹਨ।
No head lice were found.

☐ ਲੀਖਾਂ (ਆਂਡੇ) ਪਾਏ ਗਏ ਹਨ।
Nits (eggs) were found.

☐ ਸਿਰ ਵਿੱਚ ਜੂੰਆਂ ਤੇ ਲੀਖਾਂ (ਆਂਡੇ) ਪਾਏ ਗਏ ਹਨ।
Head lice and nits (eggs) were found.

ਜੇ ਤੁਹਾਡੇ ਬੱਚੇ ਦੇ ਜੂੰਆਂ ਜਾਂ ਲੀਖਾਂ ਹਨ, ਤਾਂ Nitbusters ਸਿਫ਼ਾਰਸ਼ ਕਰਦਾ ਹੈ ਕਿ ਤੁਸੀਂ ਆਪਣੇ ਬੱਚੇ ਦਾ ਇਲਾਜ ਕਰਵਾਓ ਅਤੇ ਆਂਡਿਆਂ ਜਾਂ ਜੂੰਆਂ ਲਈ ਲਗਾਤਾਰ ਹਰ ਦੂਜੇ ਦਿਨ ਚੈਕ ਕਰੋ। ਇਲਾਜ ਦੇ ਵਿਕਲਪ ਇਸ ਨਾਲ ਨੱਥੀ ਸੂਚਨਾ ਸ਼ੀਟ ਵਿੱਚ ਸਪੱਸ਼ਟ ਕੀਤੇ ਗਏ ਹਨ।

Nitbusters ਪ੍ਰੋਗਰਾਮ ਦੀ ਤਰਫ਼ੋਂ ਅਸੀਂ ਤੁਹਾਡਾ ਧੰਨਵਾਦ ਕਰਨਾ ਚਾਹਾਂਗੇ ਕਿ ਤੁਸੀਂ ਆਪਣੇ ਬੱਚੇ ਨੂੰ Nitbusters ਦਿਵਸ ਵਿੱਚ ਭਾਗ ਲੈਣ ਦੀ ਇਜਾਜ਼ਤ ਦਿੱਤੀ ਹੈ। ਹੁਣ ਸਾਡੇ ਸਕੂਲ 'ਚ ਇੱਕ ਸਿੱਖਿਅਤ Nitbusters ਟੀਮ ਹੈ। ਲੋੜ ਪੈਣ 'ਤੇ ਸਾਡੀ ਸਿੱਖਿਅਤ ਟੀਮ ਸਕੂਲ ਵਿੱਚ ਹੋਰ Nitbusters ਦਿਵਸ ਵੀ ਚਲਾ ਸਕਦੀ ਹੈ। ਜੇ ਪ੍ਰੋਗਰਾਮ ਬਾਰੇ ਤੁਹਾਡੇ ਕੋਈ ਪ੍ਰਸ਼ਨ ਹੋਣ ਜਾਂ ਜੇ ਤੁਸੀਂ ਅਗਲੇ Nitbusters ਦਿਵਸ ਲਈ ਵਲੰਟੀਅਰ ਬਣਨਾ ਚਾਹੋਂ, ਤਾਂ ਕ੍ਰਿਪਾ ਕਰ ਕੇ ਪ੍ਰਿੰਸੀਪਲ ਨਾਲ ਸੰਪਰਕ ਕਰੋ।

ਜੇ ਤੁਹਾਨੂੰ ਪ੍ਰਿੰਸੀਪਲ ਨਾਲ ਸੰਪਰਕ ਕਰਨ ਲਈ ਕਿਸੇ ਦੁਭਾਸ਼ੀਏ ਦੀ ਜ਼ਰੂਰਤ ਹੈ, ਤਾਂ ਕ੍ਰਿਪਾ ਕਰ ਕੇ 131 450 ਉਤੇ 'ਟੈਲੀਫ਼ੋਨ ਦੁਭਾਸ਼ੀਆ ਸੇਵਾ' (Telephone Interpreter Service) ਨੂੰ ਕਾੱਲ ਕਰੋ ਅਤੇ ਆਪਣੀ ਭਾਸ਼ਾ ਵਿੱਚ ਇੱਕ ਦੁਭਾਸ਼ੀਆ ਮੰਗੋ। ਆੱਪਰੇਟਰ ਤੁਹਾਡੀ ਗੱਲਬਾਤ ਵਿੱਚ ਮਦਦ ਲਈ ਇੱਕ ਦੁਭਾਸ਼ੀਏ ਨੂੰ ਲਾਈਨ 'ਤੇ ਲਿਆਵੇਗਾ। ਇਸ ਸੇਵਾ ਲਈ ਤੁਹਾਡੇ ਤੋਂ ਕੋਈ ਖ਼ਰਚਾ-ਵਸੂਲ ਨਹੀਂ ਕੀਤਾ ਜਾਵੇਗਾ।

ਇਹ ਜਾਣਕਾਰੀ NSW ਸਿਹਤ (ਹੈਲਥ) Nitbusters ਦੀ ਵੈਬਸਾਈਟ 'ਤੇ ਆਧਾਰਤ ਹੈ।